BrisDoc

Patient care by people who care



# ਬ੍ਰਿਸਡੌਕ (BrisDoc) ਮਰੀਜ਼ਾਂ ਲਈ ਸ਼ੈਪਰੋਨ ਸੇਧ




## This leaflet is available in your language. Please ask our receptionist.

ਇਹ ਪਰਚਾ ਆਪਣੀ ਭਾਸ਼ਾ ਵਿਚ ਉਪਲਬਧ ਹੈ. ਸਾਡੇ ਰਿਸੈਪਸ਼ਨਿਸਟ ਨੂੰ ਪੁੱਛੋ ਕਰੋ ਜੀ.

یہ کتابچہ آپ کی زبان میں دستیاب ہے۔ ہمارے استقبالیہ براہ کرم دریافت کریں۔

এই প্রচারপত্র আপনার ভাষায় পাওয়া যায়. আমাদের রিসেপশনিস্ট জিজ্ঞাসা করুন.

Ev belavok li zimanê xwe de derbasdar e; Ji kerema xwe ve lêkirin me bipirsin.

Buuggan yar waxaa loogu heli karo luqaddaada. Fadlan weydii naga soo-dhaweeyaha.

هذه النشرة متوفرة في لغتك. رجاء سألت موظف الاستقبال لدينا.

Acest prospect este disponibil în limba dumneavoastră. Vă rugăm să cereți re-cepționer noastre.

Bu broşür kendi dilinizde mevcuttur. Lütfen resepsiyonistimize sorun.

此宣传册以您的语言提供。请问我们的接待员。

# ਬ੍ਰਿਸਡੌਕ (BrisDoc)ਮਰੀਜ਼ਾਂ ਲਈ ਸ਼ੈਪਰੋਨ ਸੇਧ

ਸਾਡੀ ਦੇਖਭਾਲ ਵਿੱਚ ਹੁੰਦੇ ਹੋਏ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਮਰਥਿਤ, ਸੁਰੱਖਿਅਤ ਅਤੇ ਸੂਚਿਤ ਮਹਿਸੂਸ ਕਰੋ।

ਆਪਣੇ ਮਰੀਜ਼ਾਂ ਦੀ ਨਿੱਜਤਾ ਅਤੇ ਸਵੈ-ਮਾਣ ਨੂੰ ਬਰਕਰਾਰ ਰੱਖਣਾ ਸਾਡੀ ਦੇਖਭਾਲ ਦੇ ਮਿਆਰ ਦਾ ਅਟੁੱਟ ਹਿੱਸਾ ਹੈ।

ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਆਪਣੇ ਸਲਾਹ-ਮਸ਼ਵਰੇ ਦੌਰਾਨ ਸ਼ੈਪਰੋਨ ਲੈਣਾ ਚਾਹੋਗੇ, ਤਾਂ ਕਿਰਪਾ ਕਰਕੇ ਸਾਡੇ ਡਾਕਟਰੀ ਕਰਮਚਾਰੀ ਜਾਂ ਸਾਡੇ ਰਿਸੈਪਸ਼ਨਿਸਟ ਤੋਂ ਪੁੱਛੋ।ਹਾਲਾਂਕਿ ਸਾਰੇ ਨਿੱਜੀ ਮੁਆਇਨਿਆਂ ਲਈ ਸ਼ੈਪਰੋਨ ਦੀ ਮੌਜੂਦਗੀ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਪਰ ਤੁਸੀਂ ਕਿਸੇ ਵੀ ਸਲਾਹ-ਮਸ਼ਵਰੇ ਲਈ ਸ਼ੈਪਰੋਨ ਬਾਰੇ ਪੁੱਛਣ ਦੇ ਹੱਕਦਾਰ ਹੋ।ਕਿਰਪਾ ਕਰਕੇ ਧਿਆਨ ਦਿਓ, ਕਿ ਸਾਡੇ ਡਾਕਟਰੀ ਕਰਮਚਾਰੀਆਂ ਨੂੰ ਜੇ ਜ਼ਰੂਰੀ ਲੱਗਦਾ ਹੈ ਤਾਂ ਉਹ ਵੀ ਮੁਆਇਨੇ ਦੌਰਾਨ ਸ਼ੈਪਰੋਨ ਦੇ ਮੌਜੂਦ ਰਹਿਣ ਲਈ ਕਹਿਣ ਵਾਸਤੇ ਹੱਕਦਾਰ ਹੁੰਦੇ ਹਨ।

ਜੇ ਮੁਆਇਨਾ ਕਰਨ ਵਾਲੇ ਡਾਕਟਰੀ ਕਰਮਚਾਰੀ ਨੂੰ ਲੱਗਦਾ ਹੈ ਕਿ ਸ਼ੈਪਰੋਨ ਮੌਜੂਦ ਰਹਿਣਾ ਚਾਹੀਦਾ ਹੈ ਅਤੇ ਤੁਹਾਡੇ ਦੁਆਰਾ ਸ਼ੈਪਰੋਨ ਦੀ ਪੇਸ਼ਕਸ਼ ਠੁਕਰਾ ਦਿੱਤੀ ਜਾਂਦੀ ਹੈ, ਤਾਂ ਹੋ ਸਕਦਾ ਹੈ ਡਾਕਟਰੀ ਕਰਮਚਾਰੀ ਮੁਆਇਨਾ ਜਾਰੀ ਨਾ ਰੱਖਣਾ ਚਾਹੇ। ਤੁਹਾਨੂੰ ਇਹ ਕਹਿਣ ਲਈ ਇੱਕ ਫਾਰਮ 'ਤੇ ਦਸਤਖਤ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਸ਼ੈਪਰੋਨ ਨੂੰ ਮਨ੍ਹਾਂ ਕਰ ਦਿੱਤਾ ਹੈ।

ਕਿਸੇ ਬੱਚੇ ਦੇ ਮੁਆਇਨੇ ਦੌਰਾਨ ਇੱਕ ਸ਼ੈਪਰੋਨ ਹਮੇਸ਼ਾ ਮੌਜੂਦ ਹੋਣਾ ਚਾਹੀਦਾ ਹੈ - ਇਹ ਮਾਤਾ/ਪਿਤਾ ਜਾਂ ਦੇਖਭਾਲਕਰਤਾ ਹੋ ਸਕਦਾ ਹੈ ਹਾਲਾਂਕਿ ਅਜਿਹੇ ਕੁਝ ਹਾਲਾਤ ਹੋ ਸਕਦੇ ਹਨ ਜਿੱਥੇ ਅਜਿਹਾ ਢੁਕਵਾਂ ਨਹੀਂ ਹੁੰਦਾ।

ਜੇ ਤੁਸੀਂ ਸਾਡੀ ਮੁਕੰਮਲ ਸ਼ੈਪਰੋਨ ਨੀਤੀ ਦੇਖਣੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਰਿਸੈਪਸ਼ਨਿਸਟ ਨੂੰ ਕਹੋ।

## ਸ਼ੈਪਰੋਨ ਕੀ ਹੁੰਦਾ ਹੈ?

ਸ਼ੈਪਰੋਨ ਇੱਕ ਅਜਿਹਾ ਵਿਅਕਤੀ ਹੈ ਜੋ ਡਾਕਟਰੀ ਮੁਆਇਨੇ ਜਾਂ ਸਲਾਹ-ਮਸ਼ਵਰੇ ਦੌਰਾਨ ਤੁਹਾਡੇ ਅਤੇ ਡਾਕਟਰੀ ਕਰਮਚਾਰੀ, ਦੋਵਾਂ, ਦਾ ਸਾਥ ਦੇ ਸਕਦਾ ਹੈ ਅਤੇ ਸਹਾਇਤਾ ਕਰ ਸਕਦਾ ਹੈ।



ਕਿਸੇ ਵੀ ਗਲਤਫ਼ਹਿਮੀ ਜਾਂ ਮਰੀਜ਼ ਦੁਆਰਾ ਝੂਠੇ ਇਲਜ਼ਾਮ ਲਗਾਏ ਜਾਣ ਦੀ ਸੂਰਤ ਵਿੱਚ ਉਹ ਡਾਕਟਰੀ ਕਰਮਚਾਰੀ ਲਈ ਇੱਕ ਹੱਦ ਤੱਕ ਕਾਨੂੰਨੀ ਸੁਰੱਖਿਆ ਮੁਹੱਈਆ ਕਰਵਾਉਣ ਲਈ ਵੀ ਮੌਜੂਦ ਹੁੰਦੇ ਹਨ

## ਸ਼ੈਪਰੋਨ ਕੌਣ ਬਣ ਸਕਦਾ ਹੈ?

ਸ਼ੈਪਰੋਨ ਦੀ ਭੂਮਿਕਾ ਸਾਡੇ ਸਟਾਫ ਦੇ ਕਿਸੇ ਮੈਂਬਰ ਦੁਆਰਾ ਜਾਂ ਤੁਹਾਡੇ ਨਾਲ ਆਉਣ ਵਾਲੇ ਲੋਕਾਂ, ਜਿਵੇਂ ਕਿ ਪਤੀ, ਪਤਨੀ, ਪਾਰਟਨਰ, ਦੇਖਭਾਲਕਰਤਾ, ਮਾਤਾ/ਪਿਤਾ ਜਾਂ ਦੋਸਤ ਦੁਆਰਾ ਨਿਭਾਈ ਜਾ ਸਕਦੀ ਹੈ।

**ਬੱਚੇ ਸ਼ੈਪਰੋਨ ਨਹੀਂ ਬਣ ਸਕਦੇ ਅਤੇ ਉਹਨਾਂ ਨੂੰ ਨਿੱਜੀ ਖੇਤਰ ਵਾਲੇ ਮੁਆਇਨੇ ਦੌਰਾਨ ਮੌਜੂਦ ਨਹੀਂ ਹੋਣਾ ਚਾਹੀਦਾ। ਇਹਨਾਂ ਵਿੱਚ ਬਹੁਤ ਛੋਟੇ ਬੱਚੇ ਸ਼ਾਮਲ ਨਹੀਂ ਹੁੰਦੇ।**

ਜਿੱਥੇ ਸ਼ੈਪਰੋਨ ਕੋਈ ਪਤੀ, ਪਤਨੀ, ਪਾਰਟਨਰ, ਰਿਸ਼ਤੇਦਾਰ ਜਾਂ ਦੋਸਤ ਹੁੰਦਾ ਹੈ, ਉੱਥੇ ਤੁਹਾਡੇ ਤੋਂ ਮੁਆਇਨੇ ਦੌਰਾਨ ਉਸ ਵਿਅਕਤੀ ਦੇ ਮੌਜੂਦ ਰਹਿਣ ਅਤੇ ਤੁਹਾਡੇ ਸ਼ੈਪਰੋਨ ਵੱਜੋਂ ਭੂਮਿਕਾ ਨਿਭਾਉਣ ਲਈ ਤੁਹਾਡੀ ਸਹਿਮਤੀ ਮੰਗੀ ਜਾਵੇਗੀ।

ਨਿੱਜੀ ਮੁਆਇਨੇ ਕਰਨ ਸਮੇਂ ਸੱਭਿਆਚਾਰਕ ਜਾਂ ਧਾਰਮਿਕ ਭਿੰਨਤਾ ਵੱਲ ਖਾਸ ਤੌਰ 'ਤੇ ਧਿਆਨ ਦਿੱਤਾ ਜਾਵੇਗਾ। ਵਿਰੋਧੀ ਲਿੰਗ ਵਾਲੇ ਪਰਿਵਾਰਕ ਮੈਂਬਰ (ਜਾਂ ਪਤੀ/ਪਤਨੀ) ਲਈ ਕੁਝ ਨਿੱਜੀ ਮੁਆਇਨਿਆਂ ਦੌਰਾਨ ਮੌਜੂਦ ਰਹਿਣਾ ਮੁਸ਼ਕਿਲ ਜਾਂ ਅਢੁਕਵਾਂ ਹੋ ਸਕਦਾ ਹੈ।

ਕਿਸੇ ਵੀ ਡਾਕਟਰੀ ਮੁਆਇਨੇ ਤੋਂ ਪਹਿਲਾਂ ਜਾਂ ਬਾਅਦ ਵਿੱਚ, ਮਰੀਜ਼ ਅਤੇ ਦੇਖਣ ਵਾਲੇ ਡਾਕਟਰੀ ਕਰਮਚਾਰੀਆਂ ਦਰਮਿਆਨ ਗੁਪਤ ਜਾਂ ਨਿੱਜੀ ਗੱਲਬਾਤ - ਸ਼ੈਪਰੋਨ ਦੀ ਮੌਜੂਦਗੀ ਦੇ ਬਿਨਾਂ - ਲਈ ਵੱਖਰੇ ਮੌਕੇ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ ਜੇ ਅਜਿਹਾ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ।

## ਤੁਸੀਂ ਬ੍ਰਿਸਡੌਕ ਸ਼ੈਪਰੋਨ ਤੋਂ ਕੀ ਆਸ ਕਰ ਸਕਦੇ ਹੋ?

ਸ਼ੈਪਰੋਨ ਨੂੰ ਆਪਣੇ ਨਾਮ ਨਾਲ ਆਪਣੀ ਜਾਣ-ਪਛਾਣ ਕਰਵਾਉਣੀ ਚਾਹੀਦਾ ਹੈ (ਜਾਂ ਡਾਕਟਰੀ ਕਰਮਚਾਰੀ ਦੁਆਰਾ ਅਜਿਹਾ ਕੀਤਾ ਜਾਣਾ ਚਾਹੀਦਾ ਹੈ)।ਡਾਕਟਰੀ ਕਰਮਚਾਰੀਆਂ ਨੂੰ ਆਪਣੇ ਵੇਰਵਿਆਂ ਵਿੱਚ ਸ਼ੈਪਰੋਨ ਦਾ ਨਾਮ ਲਿਖਣਾ ਚਾਹੀਦਾ ਹੈ।

ਉਹਨਾਂ ਨੂੰ ਮੁਆਇਨੇ ਵਾਲੇ ਖੇਤਰ ਵਿੱਚ ਰਹਿਣ, ਅਤੇ ਡਾਕਟਰੀ ਕਰਮਚਾਰੀ ਜੋ ਕਰਦਾ ਹੈ ਉਹ ਉਸ ਨੂੰ ਦੇਖ ਸਕਣ ਦੀ ਲੋੜ ਹੁੰਦੀ ਹੈ।ਨਿੱਜੀ ਮੁਆਇਨੇ ਦੌਰਾਨ ਸ਼ੈਪਰੋਨ ਕਾਉਚ ਦੇ ਸਿਰ ਵਾਲੇ ਪਾਸੇ ਖੜ੍ਹਾ ਹੋ ਸਕਦਾ ਹੈ, ਅਤੇ ਜੇ ਮੁਆਇਨਾ ਤੁਹਾਡੇ ਲਈ ਅਸੁਵਿਧਾਜਨਕ ਜਾਂ ਬੇਚੈਨ ਕਰਨ ਵਾਲਾ ਹੈ ਤਾਂ ਉਹ ਤੁਹਾਡੇ ਤੋਂ ਪੁੱਛ ਸਕਦੇ ਹਨ ਕਿ ਕੀ ਤੁਸੀਂ ਅਰਾਮ ਅਤੇ ਭਰੋਸੇ ਲਈ ਉਹਨਾਂ ਦਾ ਹੱਥ ਪਕੜਨਾ ਚਾਹੋਗੇ।ਉਹਨਾਂ ਨੂੰ ਤੁਹਾਡੀ ਆਗਿਆ ਦੇ ਬਿਨਾਂ ਤੁਹਾਨੂੰ ਛੂਹਣਾ ਨਹੀਂ ਚਾਹੀਦਾ।

ਜੇ ਸ਼ੈਪਰੋਨ ਕੋਈ ਅਜਿਹਾ ਵਿਹਾਰ ਦੇਖਦਾ ਹੈ ਜਿਸ ਨੂੰ ਉਹ ਅਢੁਕਵਾਂ ਮਹਿਸੂਸ ਕਰਦੇ ਹਨ, ਤਾਂ ਉਹਨਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਡਿਊਟੀ ਮੈਨੇਜਰ ਨੂੰ ਇਸ ਦੀ ਰਿਪੋਰਟ ਕਰਨ।

ਸ਼ੈਪਰੋਨ ਦੀਆਂ ਡਿਊਟੀਆਂ ਕਰਨ ਵਾਲੇ ਬ੍ਰਿਸਡੌਕ ਦੇ ਸਾਰੇ ਸਟਾਫ ਮੈਂਬਰਾਂ ਨੂੰ ਢੁਕਵੇਂ ਢੰਗ ਨਾਲ ਸਿਖਲਾਈ ਦਿੱਤੀ ਹੁੰਦੀ ਹੈ।

ਵਿਰਲੇ ਮੌਕਿਆਂ 'ਤੇ ਹੋ ਸਕਦਾ ਹੈ ਅਜਿਹਾ ਸ਼ੈਪਰੋਨ ਮੌਜੂਦ ਨਾ ਹੋਵੇ ਢੁਕਵੇਂ ਲਿੰਗ ਦਾ ਹੈ।ਅਜਿਹੇ ਹਾਲਾਤ ਵਿੱਚ ਡਾਕਟਰੀ ਕਰਮਚਾਰੀ ਨੂੰ ਇਸ ਮੁੱਦੇ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ ਅਤੇ ਜੇ ਢੁਕਵਾਂ ਹੋਵੇ ਤਾਂ ਤੁਹਾਡੀ ਅਪਾਇੰਟਮੈਂਟ ਨੂੰ ਮੁੜ ਤੋਂ ਤੈਅ ਕੀਤਾ ਜਾ ਸਕਦਾ ਹੈ ਜਾਂ ਸਟਾਫ ਦਾ ਕੋਈ ਹੋਰ ਮੈਂਬਰ ਉਪਲਬਧ ਕਰਵਾਇਆ ਜਾ ਸਕਦਾ ਹੈ।